# ਗੁਰੂ ਗ੍ਰੰਥ ਸਾਹਿਬ ਵਿਚ ਸਰਬ ਸਾਂਝੀਵਾਲਤਾ ਦਾ ਸੰਕਲਪ

**ਹਰਪ੍ਰੀਤ ਸਿੰਘ ਦੂਆ (ਡਾ.)**

**ਐਸੋਸੀਏਟ ਪ੍ਰੋਫ਼ੈਸਰ**

**ਪੰਜਾਬੀ ਵਿਭਾਗ**

**ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ**

**Abstract**

ਗੁਰੂ ਗ੍ਰੰਥ ਸਾਹਿਬ ਵਿਚ ਸਰਬ ਸਾਂਝੀਵਾਲਤਾ ਦਾ ਸੰਕਲਪ ਇਕ ਪਰਿਵਾਰ ਦੇ ਸੰਕਲਪ ਨਾਲ ਜੁੜ ਕੇ ਵਾਸਤਵਿਕ ਅਰਥ ਗ੍ਰਹਿਣ ਕਰਦਾ ਹੈ। ਸ੍ਰਿਸ਼ਟੀ ਦੇ ਅਨੇਕ ਤਰ੍ਹਾਂ ਦੇ ਦਿਸਣ ਵਾਲੇ, ਅਨੇਕ ਤਰ੍ਹਾਂ ਦੇ ਧਰਮ ਅਵਲੰਬੀ ਅਨੇਕ ਕਿੱਤਿਆਂ ਵਿਚ ਸੰਲਗਨ ਸਮੱਸਤ ਜੀਵ ਜੋ ਇਕ ਪਰਮਾਤਮਾ ਜਿਸਨੂੰ ਮਾਂ, ਬਾਪ ਮੰਨਿਆ ਗਿਆ ਹੈ, ਦੀ ਔਲਾਦ ਹੋਣ ਕਾਰਣ ਜ਼ਾਹਰੀ ਤੌਰ ਤੇ ਵੱਖ ਦਿੱਸਦੇ ਵੀ ਇਕ ਬਰਾਬਰ ਹੀ ਨਜ਼ਰੀ ਆਉਂਦੇ ਹਨ। ਜਿਸ ਤਰ੍ਹਾਂ ਇਕ ਮਾਂ ਬਾਪ ਦੇ ਸਕੇ ਧੀਆਂ ਪੁੱਤਰ ਵੱਖ-ਵੱਖ ਸੋਚਾਂ, ਸੰਕਲਪਾਂ ਤੇ ਪਹਿਰਾਵਿਆਂ ਨਾਲ ਵਿਚਰਦੇ ਹਨ, ਇਸੇ ਤਰ੍ਹਾਂ ਹੀ ਵੱਡੇ ਪੱਧਰ ਉਤੇ ਇਕ ਪਰਮਾਤਮਾ ਦੀ ਸੰਤਾਨ ਵੱਖੋ ਵੱਖਰੇ ਸਰੂਪ, ਧਰਮ, ਕਰਮ-ਕਾਂਡ, ਜੀਵਨ-ਜਾਚ ਇਤਿ ਆਦਿ ਰੱਖਦੀ ਹੈ। ਇੱਥੇ ਅਨੇਕਤਾ ਵਿਚ ਵੀ ਏਕਤਾ ਹੈ। ਸਾਰੇ ਹੀ ਸ੍ਰਿਸ਼ਟੀ ਦੀ ਗਤੀ ਨੂੰ ਚਲਾਇਮਾਨਤਾ ਪ੍ਰਦਾਨ ਕਰਨ ਤੇ ਸਾਂਝੀਵਾਲ ਦੇ ਜ਼ਿੰਮੇਵਾਰ ਹਨ। ਇਸ ਤਰ੍ਹਾਂ ਸੰਸਾਰ ਇਕ ਸਮੱਸਤ ਪਰਿਵਾਰ ਹੈ। ਜਦੋਂ ਗੁਰੂ ਗੋਬਿੰਦ ਸਿੰਘ ਮੁੱਖ ਪਾਤਸ਼ਾਹੀ ਦੱਸਵੀਂ ਚਉਪਈ ਵਿਚ 'ਸੁਖੀ ਬਸੇ ਮੋਰੋ ਪਰਿਵਾਰਾ' ਸ਼ਬਦ ਵਰਤਦੇ ਹਨ ਤਾਂ ਉਥੇ ਪਰਿਵਾਰ ਤੋਂ ਭਾਵ ਘਰ ਵਿਚਲੇ ਲਹੂ ਮਾਸ ਨਾਲ ਬੰਨੇ ਰਿਸ਼ਤੇ ਨਹੀਂ ਸਗੋਂ ਸਮੁੱਚਾ ਵਿਸ਼ਵ ਵੀ ਇਕ ਪਰਿਵਾਰ ਹੈ । ਗੁਰੂ ਗ੍ਰੰਥ ਸਾਹਿਬ ਵਿੱਚ ਖੁਦਾ ਅਤੇ ਰਾਮ ਦੀ ਗੱਲ ਸਮੁੱਚੀ ਮਾਨਵਤਾ ਤੇ ਸਾਂਝੀਵਾਲਤਾ ਦਾ ਪ੍ਰਤੀਕ ਹੈ। ਇੱਥੇ ਪਰਮਾਤਮਾ ਦੀ ਇਕ ਮੂਰਤ ਉਸਦੀ ਇਕ ਔਲਾਦ ਵਿਚ ਕਈ ਰੂਪਾਂ ਵਿਚ ਦ੍ਰਿਸ਼ਟਮਾਨ ਹੁੰਦੀ ਹੈ।

**Key Words:** ਗੁਰੂ ਗ੍ਰੰਥ ਸਾਹਿਬ, ਸਰਬ ਸਾਂਝੀਵਾਲਤਾ, ਅਨੇਕਤਾ ਵਿਚ ਏਕਤਾ, ਮਨੁੱਖਤਾ

ਗੁਰੂ ਗ੍ਰੰਥ ਸਾਹਿਬ ਮਨੁੱਖਤਾ ਦਾ ਸਰਬ ਸਾਂਝਾ ਗ੍ਰੰਥ ਹੈ। ਗੁਰੂ ਗ੍ਰੰਥ ਸਾਹਿਬ ਵਿਚ ਛੱਤੀ ਬਾਣੀਕਾਰਾਂ ਦੀ ਬਾਣੀ ਬਿਨਾਂ ਕਿਸੇ ਵਿਤਕਰੇ, ਜ਼ਾਤ, ਭੂਗੋਲਿਕ ਖਿੱਤੇ ਜਾਂ ਧਰਮ ਦੇ ਸੰਕਲਿਤ ਕੀਤੀ ਗਈ। ਅਖੌਤੀ ਨੀਂਵੀਂ ਜਾਤ ਨਾਲ ਸੰਬੰਧਿਤ, ਮੁਸਲਿਮ ਧਰਮ ਨਾਲ ਸੰਬੰਧਿਤ, ਗੁਰੂ ਸਾਹਿਬਾਨ ਜਾਂ ਉਹਨਾਂ ਨਾਲ ਸੰਬੰਧਿਤ ਗੁਰਸਿੱਖ ਜਾਂ ਭੱਟ, ਸਾਰਿਆਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਉਸਨੂੰ ਗੁਰਬਾਣੀ ਕਿਹਾ ਜਾਣਾ ਹੀ ਸਰਬ ਸਾਂਝੀਵਾਲਤਾ ਦੀ ਪੇਸ਼ਕਾਰੀ ਹੈ। ਗੁਰਮਤਿ ਚਿੰਤਨ ਵਿਚ ਪ੍ਰਮੁੱਖ ਸਰੋਕਾਰ ਸਰਬ ਸਾਂਝੀਵਾਲਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਂਝੀਵਾਲਤਾ ਸ਼ਬਦ ਸਿਰਫ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਵਿਚ ਇਕ ਵਾਰ ਕੀਤਾ ਹੈ:

ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥

ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ॥

ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ॥

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥

ਨਉ ਨਿਧਿ ਤੇਰੈ ਅਖੁਟ ਭੰਡਾਰਾ॥

ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥

ਸਭੁ ਕੋ ਆਸੈ ਤੇਰੀ ਬੈਠਾ॥

ਘਟ ਘਟ ਅੰਤਰਿ ਤੂੰਹੈ ਵੁਠਾ॥

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ॥

ਤੂੰ ਆਪੇ ਮਨਮੁਖਿ ਜਨਮਿ ਭਵਾਇਹਿ॥

ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ॥[1]

ਇਸ ਸ਼ਬਦ ਵਿਚ ਵਰਤਿਆ ਗਿਆ ਸਾਂਝੀਵਾਲ ਸ਼ਬਦ ਗੂੜ੍ਹ ਅਰਥ ਰੱਖਦਾ ਹੈ। ਡਾ. ਬਲਕਾਰ ਸਿੰਘ ਇਸ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟ ਕਰਦੇ ਹਨ: 'ਸਾਝੀਵਾਲ ਸਦਾਇਨ' ਵਾਸਤੇ ਜਿਹੜੀਆਂ ਯੋਗਤਾਵਾਂ ਜ਼ਰੂਰੀ ਮੰਨੀਆਂ ਹਨ। ਉਹਨਾਂ ਵਿਚ ਅੰਦਰ ਤੇ ਬਾਹਰ ਦੀ ਸਮਰੂਪਤਾ (ਕੰਮ ਸੁਹੇਲਾ ਅਤੇ ਰਿਦਾ ਸੁਹੇਲਾ) ਸ਼ਾਮਲ ਹੈ। ਸੋ ਸਾਂਝੀਵਾਲ ਵਿਚ ਸਿਧਾਂਤ ਅਤੇ ਪ੍ਰਗਟਾਵੇ ਦੀ ਸਮਾਨੰਤਰਤਾ ਨੂੰ ਕੋਈ ਥਾਂ ਨਹੀਂ ਹੈ। ਦੂਜੀ ਯੋਗਤਾ ਭਗਤ ਵਾਲੀ ਤ੍ਰਿਪਤੀ ਦੀ ਲੋੜ ਨੂੰ ਮੰਨਿਆ ਹੈ ਇਸ ਵਾਸਤੇ ਇਕ ਅਕਾਲ ਪੁਰਖ ਵਿਚ ਅਤ੍ਰੁੜੇ ਵਿਸ਼ਵਾਸ ਦੀ ਲੋੜ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਵਿਸ਼ਵਾਸ ਅਤੇ ਵਰਤਾਰੇ ਦੀ ਲੋੜੀਂਦੀ ਸਮਰੁਪਤਾ ਵਿਚੋਂ ਸਾਂਝੀਵਾਲਤਾ ਦੀ ਵਿਆਖਿਆ ਕੀਤੀ ਜਾ ਸਕਦੀ ਹੈ ਕਿ ਅਜਿਹਾ ਸੁਭਾਅ ਜਾਂ ਜੀਵਨ ਜਾਚ, ਜਿਸ ਵਿਚ ਕੋਈ ਬੇਗਾਨਾ ਜਾਂ ਬਾਹਰਾ ਮਹਿਸੂਸ ਨਾ ਹੋਵੇ ਅਤੇ ਸਾਰੇ ਭਾਈਵਾਲ ਹੋਣ।[2]

ਡਾ. ਗੋਪਾਲ ਸਿੰਘ ਦਰਦੀ ਨੇ ਸਾਂਝੀਵਾਲ ਦੇ ਅਰਥ ਭਾਈਵਾਲ ਕੀਤੇ ਹਨ, ਜਦੋਂ ਕਿ ਡਾ. ਗੁਰਬਚਨ ਸਿੰਘ ਤਾਲਿਬ ਨੇ ਹਿੱਸੇਦਾਰ ਕੀਤੇ ਹਨ। ਭਾਈ ਕਾਹਨ ਸਿੰਘ ਨਾਭਾ ਨੇ ਵੀ ਸਾਂਝੀਵਾਲਤਾ ਦੇ ਅਰਥ ਹਿੱਸੇਦਾਰ ਕੀਤੇ ਹਨ।[3] ਭਾਵੇਂ ਸਾਂਝੀਵਾਲ ਦਾ ਅਰਥ ਹਿੱਸੇਦਾਰ ਕਹੀਏ ਜਾਂ ਭਾਈਵਾਲ ਪਰ ਇਸ ਵਿਚੋਂ ਸੰਕਲਪ ਬਾਰੇ ਪਤਾ ਲੱਗਦਾ ਹੈ। ਸਾਂਝ ਜਾਂ ਸਾਂਝੀ ਸ਼ਬਦ ਦੀ ਵਰਤੋ ਗੁਰਬਾਣੀ ਵਿਚ ਕੀਤੀ ਗਈ ਹੈ। ਇਸ ਲਈ ਗੁਰੂ ਰਾਮਦਾਸ ਜੀ ਨੇ ਗੁਣਾਂ ਦੀ ਸਾਂਝ ਵਾਲਿਆਂ ਨੂੰ ਇਕ ਗੁਰੂ ਦੇ ਲੜ ਲਗ ਜਾਣ ਨੂੰ ਪਰਵਾਨ ਕੀਤਾ ਹੈ:

ਗੁਰ ਸਤਿਗੁਰੁ ਬੋਹਲੁ ਹਰਿ ਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ॥

ਤਿਨਾ ਗੁਰਸਿਖਾ ਕੰਉ ਹਉ ਵਾਰਿਆ ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥[4]

ਇਸ ਸਾਂਝ ਲਈ ਮਨੁੱਖ ਵਡਭਾਗੀ ਇਸ ਲਈ ਹੈ ਕਿ ਉਸਦਾ ਸੰਬੰਧ ਸਿੱਧਾ ਗੁਰੂ ਨਾਲ ਜੁੜ ਜਾਂਦਾ ਹੈ:

ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ॥

ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ॥

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥

ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥[5]

ਅਗਲੀਆਂ ਤੁਕਾਂ ਰਾਹੀਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਦੇ ਸ਼ਬਦ ਦੀ ਵੀਚਾਰ ਦੀ ਸਾਂਝ ਇਸ ਲਈ ਪੈਂਦੀ ਹੈ ਜੇ ਨਾਮ ਦਾ ਧਨ ਕਮਾਇਆ ਜਾਵੇ। ਇਸ ਤਰ੍ਹਾਂ ਸਾਂਝੀਵਾਲਤਾ ਵਿਚ ਸੋਚ, ਸੁਭਾਅ ਅਤੇ ਵਿਵਹਾਰ ਦੀ ਸਾਂਝ ਪੈ ਜਾਂਦੀ ਹੈ:

ਧਨਵੰਤ ਨਾਮ ਕੇ ਵਣਜਾਰੇ॥
ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ॥
ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ ॥੧॥
ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ ਭੰਡਾਰੇ ॥
ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ ॥੨॥[6]

ਸਾਧ-ਸੰਗਤ ਸਰਬ ਸਾਂਝੀਵਾਲਤਾ ਦੀ ਆਧਾਰ ਭੂਮੀ ਹੈ। ਇਥੇ ਪਰਮਾਤਮਈ ਦ੍ਰਿਸ਼ਟੀ ਸੰਪੰਨ ਹੋਣ ਲਈ ਸਾਧ ਸੰਗਤ ਦੀ ਜ਼ਰੂਰਤ ਹੈ, "ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥"[7] ਪਰ ਜੇ ਸਾਧ ਸੰਗਤਿ ਵਿਚ ਜਾ ਕੇ ਵੀ ਭਉ ਨਹੀਂ ਉਪਜਦਾ, ਪਰਮਾਤਮਾ ਤੇ ਉਸਦੀ ਸ੍ਰਿਸ਼ਟੀ ਲਈ ਪਿਆਰ ਨਹੀਂ ਪੈਦਾ ਹੁੰਦਾ, ਮਨ ਟਿਕਾਣੇ ਨਹੀਂ ਰਹਿੰਦਾ ਤਾਂ ਘਰ ਛੱਡ ਕੇ ਬਾਹਰ ਜਾਣ ਦੀ ਵੀ ਲੋੜ ਨਹੀਂ, ਕੇਵਲ ਇੱਥੇ ਤਾਂ ਨੀਅਤ ਦਾ ਠੀਕ ਹੋਣਾ ਜ਼ਰੂਰੀ ਹੈ। ਸਾਧ ਸੰਗਤ ਵਿਚ ਵੀ ਪਰਮਾਤਮਾ ਮਿਲਦਾ ਹੈ ਤੇ ਇਕੱਲਿਆਂ ਘਰ ਬੈਠ ਕੇ ਵੀ ਉਸਦੀ ਪ੍ਰਾਪਤੀ ਹੋ ਸਕਦੀ ਹੈ:

ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥[8]

ਸਮੱਸਤ ਬਾਣੀਕਾਰ ਉੱਤਮ ਰਾਸ ਸੰਪੰਨ ਹਨ ਜੋ ਪਦਾਰਥਕ ਪ੍ਰਾਪਤੀਆਂ ਉਪਰੰਤ ਵੀ ਵਿਆਕੁਲ ਮਨ ਦੀ ਨੀਅਤ ਰਾਸ ਕਰਨ ਲਈ ਯਤਨਸ਼ੀਲ ਹਨ। ਅਜਿਹੇ ਸਦ-ਗੁਰੂ ਜਿੱਥੇ ਜਾ ਕੇ ਬੈਠਦੇ ਹਨ ਉਹਨਾਂ ਵਿਚਲੀਆਂ ਆਂਤਰਿਕ ਧਾਰਮਿਕ ਤਰੰਗਾ ਸਥਾਨ ਅਤੇ ਆਲੇ ਦੁਆਲੇ ਨੂੰ ਪਵਿੱਤਰ ਕਰ ਦੇਂਦੀਆਂ ਹਨ:

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥[9]

ਗੁਰੂ ਗ੍ਰੰਥ ਸਾਹਿਬ ਵਿਚਲੀ ਸਰਬ ਸਾਂਝੀਵਾਲਤਾ ਦੇ ਸੰਬੰਧ ਵਿੱਚ ਭਾਈ ਕਾਹਨ ਸਿੰਘ ਨਾਭਾ ਨੇ ਸਾਂਝੀਵਾਲ ਦੇ ਅਰਥ ਹਿੱਸੇਦਾਰ ਹੀ ਕੀਤੇ ਹਨ। (ਭਾਈ ਕਾਨ੍ਹ ਸਿੰਘ ਨਾਭਾ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼) ਪਰਮਾਤਮਾ ਨੇ ਆਪਣੇ ਨੂਰ ਤੋਂ ਇਨਸਾਨ ਪੈਦਾ ਕੀਤਾ ਹੈ। ਆਪਣੇ ਆਪ ਨੂੰ ਪ੍ਰਕਾਸ਼ਮਾਨ ਕਰਨ ਉਪਰੰਤ ਪਰਮਾਤਮਾ ਨੇ ਦ੍ਰਿਸ਼ਟਮਾਨ ਸੰਸਾਰ ਨੂੰ ਹੋਂਦ ਵਿਚ ਲਿਆਂਦਾ ਹੈ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣਿ ਡਿਠੋ ਚਾਉ॥

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥

ਕਰਿ ਆਸਣੁ ਡਿਠੋ ਚਾਉ ॥੧॥[10]

ਗੁਰਮਤਿ ਜਿਸ ਬੁਨਿਆਦੀ ਸੱਚ ਵੱਲ ਸੰਕੇਤ ਕਰਦੀ ਹੈ ਕਿ ਉਸ ਪ੍ਰਕਾਸ਼ ਵਿਚ ਖਲੋ ਕੇ ਦੇਖੀਏ ਤਾਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਰੱਬ ਸਾਰਿਆਂ ਦਾ ਸਾਂਝਾ ਹੈ ਤਾਂ ਅਸੀਂ ਸਾਰੇ ਸਾਂਝੀਵਾਲ ਹੋਏ। ਜੇ ਉਹ ਜਗਤ ਪਿਤਾ ਹੈ ਤਾਂ ਅਸੀਂ ਸਾਰੇ ਇਕ ਦੂਜੇ ਦੇ ਭਰਾ-ਭਰਾ ਹਾਂ:

ਬਲਿ ਤਿਸੁ ਬਾਪੈ ਜਿਨਿ ਹਉ ਜਾਇਆ॥

ਪੰਚਾ ਤੇ ਮੇਰਾ ਸੰਗੁ ਚੁਕਾਇਆ॥

ਪੰਚ ਮਾਰਿ ਪਾਵਾ ਤਲਿ ਦੀਨੇ॥

ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ॥

ਪਿਤਾ ਹਮਾਰੋ ਵਡ ਗੋਸਾਈ॥

ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ॥

ਸਤਿਗੁਰ ਮਿਲੇ ਤ ਮਾਰਗੁ ਦਿਖਾਇਆ॥

ਜਗਤ ਪਿਤਾ ਮੇਰੈ ਮਨਿ ਭਾਇਆ॥

ਹਉ ਪੂਤੁ ਤੇਰਾ ਤੂੰ ਬਾਪੁ ਮੇਰਾ॥

ਏਕੈ ਠਾਹਰ ਦੁਹਾ ਬਸੇਰਾ॥[11]

ਗੁਰੂ ਗ੍ਰੰਥ ਸਾਹਿਬ ਵਿਚ ਸਰਬ ਸਾਂਝੀਵਾਲਤਾ ਦਾ ਸੰਕਲਪ ਇਕ ਪਰਿਵਾਰ ਦੇ ਸੰਕਲਪ ਨਾਲ ਜੁੜ ਕੇ ਵਾਸਤਵਿਕ ਅਰਥ ਗ੍ਰਹਿਣ ਕਰਦਾ ਹੈ। ਸ੍ਰਿਸ਼ਟੀ ਦੇ ਅਨੇਕ ਤਰ੍ਹਾਂ ਦੇ ਦਿਸਣ ਵਾਲੇ, ਅਨੇਕ ਤਰ੍ਹਾਂ ਦੇ ਧਰਮ ਅਵਲੰਬੀ ਅਨੇਕ ਕਿੱਤਿਆਂ ਵਿਚ ਸੰਲਗਨ ਸਮੱਸਤ ਜੀਵ ਜੋ ਇਕ ਪਰਮਾਤਮਾ ਜਿਸਨੂੰ ਮਾਂ, ਬਾਪ ਮੰਨਿਆ ਗਿਆ ਹੈ, ਦੀ ਔਲਾਦ ਹੋਣ ਕਾਰਣ ਜ਼ਾਹਰੀ ਤੌਰ ਤੇ ਵੱਖ ਦਿੱਸਦੇ ਵੀ ਇਕ ਬਰਾਬਰ ਹੀ ਨਜ਼ਰੀ ਆਉਂਦੇ ਹਨ। ਜਿਸ ਤਰ੍ਹਾਂ ਇਕ ਮਾਂ ਬਾਪ ਦੇ ਸਕੇ ਧੀਆਂ ਪੁੱਤਰ ਵੱਖ-ਵੱਖ ਸੋਚਾਂ, ਸੰਕਲਪਾਂ ਤੇ ਪਹਿਰਾਵਿਆਂ ਨਾਲ ਵਿਚਰਦੇ ਹਨ, ਇਸੇ ਤਰ੍ਹਾਂ ਹੀ ਵੱਡੇ ਪੱਧਰ ਉਤੇ ਇਕ ਪਰਮਾਤਮਾ ਦੀ ਸੰਤਾਨ ਵੱਖੋ ਵੱਖਰੇ ਸਰੂਪ, ਧਰਮ, ਕਰਮ-ਕਾਂਡ, ਜੀਵਨ-ਜਾਚ ਇਤਿ ਆਦਿ ਰੱਖਦੀ ਹੈ। ਇੱਥੇ ਅਨੇਕਤਾ ਵਿਚ ਵੀ ਏਕਤਾ ਹੈ। ਸਾਰੇ ਹੀ ਸ੍ਰਿਸ਼ਟੀ ਦੀ ਗਤੀ ਨੂੰ ਚਲਾਇਮਾਨਤਾ ਪ੍ਰਦਾਨ ਕਰਨ ਤੇ ਸਾਂਝੀਵਾਲ ਦੇ ਜ਼ਿੰਮੇਵਾਰ ਹਨ। ਇਸ ਤਰ੍ਹਾਂ ਸੰਸਾਰ ਇਕ ਸਮੱਸਤ ਪਰਿਵਾਰ ਹੈ। ਜਦੋਂ ਗੁਰੂ ਗੋਬਿੰਦ ਸਿੰਘ ਮੁੱਖ ਪਾਤਸ਼ਾਹੀ ਦੱਸਵੀਂ ਚਉਪਈ ਵਿਚ 'ਸੁਖੀ ਬਸੈ ਮੋਰੋ ਪਰਿਵਾਰਾ' ਸ਼ਬਦ ਵਰਤਦੇ ਹਨ ਤਾਂ ਉਥੇ ਪਰਿਵਾਰ ਤੋਂ ਭਾਵ ਘਰ ਵਿਚਲੇ ਲਹੂ ਮਾਸ ਨਾਲ ਬੰਨੇ ਰਿਸ਼ਤੇ ਨਹੀਂ ਸਗੋਂ ਸਮੁੱਚਾ ਵਿਸ਼ਵ ਵੀ ਇਕ ਪਰਿਵਾਰ ਹੈ :

ਜਗਤ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥

ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ॥

ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥

ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥[12]

ਗੁਰੂ ਗ੍ਰੰਥ ਸਾਹਿਬ ਵਿੱਚ ਖੁਦਾ ਅਤੇ ਰਾਮ ਦੀ ਗੱਲ ਸਮੁੱਚੀ ਮਾਨਵਤਾ ਤੇ ਸਾਂਝੀਵਾਲਤਾ ਦਾ ਪ੍ਰਤੀਕ ਹੈ। ਇੱਥੇ ਪਰਮਾਤਮਾ ਦੀ ਇਕ ਮੂਰਤ ਉਸਦੀ ਇਕ ਔਲਾਦ ਵਿਚ ਕਈ ਰੂਪਾਂ ਵਿਚ ਦ੍ਰਿਸ਼ਟਮਾਨ ਹੁੰਦੀ ਹੈ। ਇਥੇ "ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥[13] ਦੀ ਅਵਸਥਾ ਹੈ। ਏਕ ਮੂਰਤਿ ਅਨੇਕ ਰੂਪਾਂ ਵਿੱਚ ਪ੍ਰਗਟ ਹੁੰਦੀ ਹੈ। "ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥ ਕੋਈ ਸੇਵੈ ਗੁਸਈਆ ਕੋਈ ਅਲਾਹਿ॥"[14]

ਗੁਰੂ ਅਰਜਨ ਦੇਵ ਜੀ ਨੇ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ" [15] ਅਤੇ ਗੁਰੂ ਗੋਬਿੰਦ ਸਿੰਘ ਜੀ ਦੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"[16] ਦਾ ਸਿਧਾਂਤ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਏਕਤਾ ਬਾਰੇ ਪਰਮ ਜੋਤ ਨੂੰ ਇਸ ਪ੍ਰਕਾਰ ਉਜਾਗਰ ਕੀਤਾ ਹੈ:

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ

ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥

ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ ਨਿਆਰੇ

ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ

ਬਾਦ ਆਤਸ ਔ ਆਬ ਕੋ ਰਲਾਉ ਹੈ॥

ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ਏਕ

ਹੀ ਸਰੂਪ ਸਬੈ ਏਕ ਹੀ ਬਨਾਉ ਹੈ॥[17]

ਗੁਰਬਾਣੀ ਹਮੇਸ਼ਾਂ ਜਨ ਸਾਧਾਰਣ ਨੂੰ ਸਾਂਝਾ ਪੱਧਰਾ ਜੀਵਨ ਜਿਉਣ ਲਈ ਹਮੇਸ਼ਾ ਸਰਬ ਪੱਖੀ ਰਹਿਨੁਮਾਈ ਕਰਦੀ ਹੈ। ਡਾ. ਮਹਿੰਦਰ ਕੌਰ ਗਿੱਲ ਸਰਬ ਸਾਂਝੀਵਾਲਤਾ ਬਾਰੇ ਆਪਣੇ ਵਿਚਾਰਾਂ ਨੂੰ (1) ਵਿਅਕਤੀ ਵਿਹਾਰ, (2) ਸਮੂਹਿਕ ਵਿਹਾਰ, (3) ਸਰਬ ਸਾਂਝੇ ਵਿਹਾਰ ਤਿੰਨ ਅਨੁਭਾਗਾਂ ਵਿਚ ਵੰਡਕੇ ਗੁਰਬਾਣੀ ਦੇ ਸਿਧਾਂਤ ਨੂੰ ਪਰਪਕ ਕਰਦੀ ਹੈ।[18] ਆਮ ਤੌਰ ਤੇ ਲੋਕ ਆਪਣੇ ਵਿਹਾਰ ਕਰਕੇ ਇਕ ਦੂਜੇ ਨਾਲ ਆਪਣਾ ਸੰਬੰਧ ਬਣਾਉਂਦੇ ਹਨ। ਮਨ ਦੀ ਦੁਬਿਧਾ ਨੂੰ ਦੂਰ ਕਰਕੇ ਵਿਹਾਰਕ ਸੁੱਚਤਾ ਸਦਕਾ ਹੀ ਇਨਸਾਨ ਆਪਣੇ ਮਨ ਨੂੰ ਸਾਧ ਕੇ ਸਮੂਹਿਕ ਵਿਹਾਰ ਵਿਚ ਆਪਣਾ ਯੋਗਦਾਨ ਪਾ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਅਤੇ ਮੁਸਲਿਮ ਧਰਮ ਜੋ ਹਿੰਦੁਸਤਾਨ ਵਿੱਚ ਮੁੱਖ ਪ੍ਰਚਲਿੱਤ ਸਨ, ਕਿਸੇ ਨੂੰ ਵੀ ਉੱਚਾ ਜਾਂ ਨੀਵਾਂ ਨਹੀਂ ਦੱਸਦਾ। ਬਿਲਕੁਲ ਉਸੇ ਤਰ੍ਹਾਂ ਹੀ ਜਿਵੇਂ ਇਕ ਮਾਂ ਬਾਪ ਵਾਸਤੇ ਉਸਦੀ ਸਾਰੀ ਦੀ ਸਾਰੀ ਔਲਾਦ ਚੰਗੀ ਹੁੰਦੀ ਹੈ। ਅਨੇਕ ਵਖਰੇਵਿਆਂ ਦੇ ਬਾਵਜੂਦ ਵੀ ਮਾਂ ਬਾਪ ਨੂੰ ਕੁਝ ਫਰਕ ਨਜ਼ਰ ਨਹੀਂ ਆਉਂਦਾ। ਇੱਥੇ ਸਾਰੇ ਧਾਰਮਿਕ ਗ੍ਰੰਥ ਧਾਰਮਿਕ ਸਿੱਖਿਆਵਾਂ, ਧਾਰਮਿਕ ਚਿੰਨ੍ਹ, ਸਾਰੇ ਹੀ ਇਕੋ ਜਿਹੀ ਪਵਿੱਤਰਤਾ ਰੱਖਦੇ ਹਨ। ਧਾਰਮਿਕ ਚਿੰਨ੍ਹਾਂ ਦੀ ਸਾਰਥਕਤਾ ਧਾਰਨ ਦੁਆਰਾ ਉਹਨਾਂ ਪਿੱਛੇ ਲੁੱਕੀ ਹੋਈ ਵਾਸਤਵਿਕ ਪਵਿੱਤਰਤਾ ਨੂੰ ਗ੍ਰਹਿਣ ਕਰਨ ਵਿਚ ਹੈ। ਹਿੰਦੂ ਤੇ ਮੁਸਲਮਾਨ ਇੱਕੋ ਤਰ੍ਹਾਂ ਦੀ ਸਾਂਝੀਵਾਲਤਾ ਤੇ ਬਰਾਬਰੀ ਰੱਖਦੇ ਹਨ। ਇੱਥੇ ਕਿਸੇ ਇਕ ਧਰਮ ਦੇ ਅਵਲੰਬੀ ਨੂੰ ਉਸਦੇ ਧਰਮ ਨੂੰ ਨੀਵਾਂ ਦੱਸ ਕੇ, ਦੂਜੇ ਧਰਮ ਨੂੰ ਉਚਾ ਸਥਾਪਿਤ ਕਰਕੇ, ਉਸ ਧਰਮ ਨੂੰ ਗ੍ਰਹਿਣ ਕਰਨ ਦਾ ਕੋਈ ਆਦੇਸ਼ ਨਹੀਂ। ਹਿੰਦੂ ਨੂੰ ਜਨੇਊ ਛੱਡਣ ਦੀ ਲੋੜ ਨਹੀਂ, ਉਹ ਜਨੇਊ ਜ਼ਰੂਰ ਪਹਿਨੇ ਪਰ ਕੇਵਲ ਜਨੇਊ ਪਿੱਛੇ ਲੁਕੀ ਦਇਆ, ਸਤਿ, ਸੰਤੋਖ, ਇਖ਼ਲਾਕੀ ਉੱਚਤਾ ਦੀ ਭਾਵਨਾ ਜ਼ਰੂਰ ਗ੍ਰਹਿਣ ਕਰੀ ਰੱਖੇ। ਇੱਥੇ ਮੁਸਲਮਾਨ ਨੂੰ ਨਮਾਜ਼ ਛੱਡਣ ਅਤੇ ਮਸੀਤ ਵਿਚ ਨਾ ਜਾਣ ਦਾ ਆਦੇਸ਼ ਨਹੀਂ ਸਗੋਂ ਉਸ ਲਈ ਇਹ ਦੋਨੋ ਲਾਜ਼ਮ ਹਨ ਪਰ ਮੁਸਲਮਾਨ ਨੂੰ ਨਮਾਜ਼ ਨਾਲ ਜੁੜੀਆਂ ਧਾਰਮਿਕ ਕਿਰਿਆਵਾਂ ਜਿਹਾ ਕਿ ਮਸੀਤ, ਮੁਸੱਲਾ, ਕੁਰਾਨ, ਸੁੰਨਤ, ਰੋਜ਼ਾ ਇਤਿ ਆਦਿ ਪਿੱਛੇ ਲੁਕੀ ਮਿਹਰ, ਸਿਦਕ, ਹੱਕ-ਹਲਾਲ, ਸਦਾਚਾਰਕ ਉੱਚਤਾ ਤੇ ਬਹੁਪੱਖੀ ਸੰਜਮ ਨੂੰ ਜ਼ਰੂਰ ਸਮਝਣਾ ਤੇ ਗ੍ਰਹਿਣ ਕਰਨਾ ਹੈ। ਯਸੂ ਮਸੀਹ ਨੇ ਬਾਈਬਲ ਵਿਚ ਆਪਣੇ ਆਪ ਨੂੰ ਪਰਮਾਤਮਾ ਦਾ ਇਕਲੌਤਾ ਪੁੱਤਰ ਮੰਨਣ ਵਰਗਾ ਕੋਈ ਸੰਕਲਪ

ਨਹੀਂ ਸਾਰੇ ਹੀ ਉਸ ਇਕ ਪਰਮਾਤਮਾ ਦੇ ਬੇਟੇ ਹਨ। ਧਰਮ ਸਾਰੇ ਹੀ ਚੰਗੇ ਹਨ ਅਤੇ ਉਹਨਾਂ ਨਾਲ ਜੁੜੇ ਹੋਏ ਹਨ। ਧਾਰਮਿਕ ਚਿੰਨ੍ਹ ਸਾਰੇ ਹੀ ਪਵਿੱਤਰ ਹਨ ਪਰ ਇਥੇ ਬਹਿਰੂਪੀਏ ਤੇ ਕੁਕਰਮਾਂ ਉਤੇ ਧਾਰਮਿਕ ਚਿੰਨਾਂ ਦਾ ਪਰਦਾ ਪਾਉਣ ਵਾਲੇ ਸਵੀਕਾਰ ਨਹੀਂ ਕੀਤੇ ਜਾਂਦੇ:

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥

ਸੰਤਹੁ ਸਾਗਰੁ ਪਾਰਿ ਉਤਰੀਐ ॥

ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥੧॥ ਰਹਾਉ ॥[19]

ਦਰਬਾਰ ਸਾਹਿਬ ਅੰਮ੍ਰਿਤਸਰ ਜੋ ਹਿੰਦੂ ਧਰਮ ਦੀ ਗੰਗਾ ਅਤੇ ਮੁਸਲਮਾਨੀ ਧਰਮ ਦੇ ਕਾਬੇ ਵਾਂਗੂੰ ਸਭ ਤੋਂ ਪਵਿੱਤਰ ਅਸਥਾਨ ਹੈ, ਉਸਦੇ ਬਾਹਰਲੇ ਅਤੇ ਅੰਦਰਲੇ ਚਾਰ ਦਰਵਾਜ਼ੇ ਹਨ ਜੋ ਚਾਰ ਦਿਸ਼ਾਵਾਂ ਤੋਂ ਚਾਰ ਵਰਣਾਂ ਦੀ ਸਤਿਕਾਰਤ ਆਮਦ ਦੇ ਪ੍ਰਤੀਕ ਹਨ। ਫਿਰ ਇਸੇ ਹੀ ਅਤਿ ਪਵਿੱਤਰ ਦਰਬਾਰ ਸਾਹਿਬ ਦਾ ਨੀਂਹ ਪੱਥਰ ਗੁਰੂ ਅਰਜਨ ਦੇਵ ਜੀ ਨੇ ਉਸ ਵਕਤ ਦੇ ਇੱਕ ਅਲਾਹ ਦੇ ਪੁੱਜੇ ਹੋਏ ਫ਼ਕੀਰ ਸਾਈਂ ਮੀਆਂ ਮੀਰ ਕੋਲੋਂ ਰੱਖਵਾ ਕੇ ਬਰਾਬਰੀ ਅਤੇ ਸਾਂਝੀਵਾਲਤਾ ਦਾ ਪੈਗ਼ਾਮ ਦਿੱਤਾ। ਗੁਰੂ ਨਾਨਕ ਦੇਵ ਨੇ ਤਾਂ ਆਪਣੇ ਨਾਲ ਉਦਾਸੀਆਂ ਸਮੇਂ ਮੁਸਲਮਾਨੀ ਧਰਮ ਨਾਲ ਸੰਬੰਧਤ ਨੀਵੀ ਸਮਝੀ ਜਾਣ ਵਾਲੀ ਮਰਾਸੀ ਜਾਤ ਦੇ ਇਕ ਸਧਾਰਨ ਮੁਸਲਮਾਨ ਮਰਦਾਨੇ ਨੂੰ ਭਾਈ ਮਰਦਾਨਾ ਬਣਾ ਕੇ ਮਾਨਵ ਸਮਾਜ ਨੂੰ ਬਰਾਬਰੀ ਦਾ ਸੰਦੇਸ਼ ਦਿੱਤਾ। ਗੁਰੂ ਘਰ ਵਿਚ ਸੰਗਤ ਤੇ ਪੰਗਤ ਦੀ ਪਰੰਪਰਾ ਸਰਬ ਸਾਂਝੀਵਾਲਤਾ ਤੇ ਬਰਾਬਰੀ ਦਾ ਹੀ ਇੱਕ ਸੰਦੇਸ਼ ਹੈ। ਲੰਗਰ ਵਿਚ ਇਕ ਪੰਗਤ ਵਿਚ ਬੈਠ ਕੇ ਸਭ ਨੂੰ ਇੱਕੋ ਜਿਹੇ ਪਦਾਰਥ, ਇੱਕੋ ਜਿਹੀ ਸ਼ਰਧਾ ਭਾਵਨਾ ਨਾਲ ਛਕਾਏ ਜਾਂਦੇ ਹਨ। ਵੈਸੇ ਵੀ ਗੁਰੂ ਸੰਗਤ, ਗੁਰੂ ਘਰ ਵਿਚ ਮਰਜ਼ੀ ਵਾਲੀ ਥਾਂ ਬੈਠੇ ਜਨ ਸਧਾਰਨ ਦਾ ਇਕੱਠ ਹੁੰਦੀ ਹੈ ਜਿੱਥੇ ਹਰ ਇੱਕ ਨੂੰ ਇਕੋ ਜਿਹਾ ਪਰਸ਼ਾਦ ਮਿਲਦਾ ਹੈ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਵਿਚਲਾ ਮਨੁੱਖ ਜਾਤ ਨੂੰ ਇੱਕੋ ਜਿਹਾ ਸਮਝਣ ਦਾ ਸੰਦੇਸ਼ ਨਾਨਕ ਨਾਮ ਲੇਵਾ ਅਮਲੀ ਰੂਪ ਵਿਚ ਅਪਣਾ ਕੇ ਬਰਾਬਰੀ ਦੀ ਭਾਵਨਾ ਨੂੰ ਪੱਕਿਆਂ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਸਰਬ ਸਾਂਝੀਵਾਲਤਾ ਦੇ ਸਿਧਾਂਤ ਬਾਰੇ ਅਸੀਂ ਵਿਸਤਾਰ ਸਹਿਤ ਚਰਚਾ ਕਰਕੇ ਇਸ ਵਿਚਾਰਧਾਰਾ ਦੀ ਪੁਸ਼ਟੀ ਕੀਤੀ ਸੀ ਕਿ ਇਹ ਗ੍ਰੰਥ ਸਮੁੱਚੀ ਮਾਨਵਤਾ ਦਾ ਗ੍ਰੰਥ ਹੈ। ਡਾ. ਜਸਪਾਲ ਕੌਰ ਕਾਂਗ ਇਸ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਉਂਦੇ ਹਨ:-

> ਅੱਜ ਵਿਸ਼ਵ ਪੱਧਰ ਤੇ ਇਸ ਸੱਚ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਕਿ ਸਹਿ ਹੋਂਦ, ਸਰਬੱਤ ਦਾ ਭਲਾ, ਅੰਤਰ ਧਰਮ ਸੰਵਾਦ, ਸਮਾਨਤਾ, ਸਰਬ ਸਾਂਝੀਵਾਲਤਾ, ਇਨਸਾਨੀਅਤ ਹੱਕਾਂ ਦੀ ਚੇਤਨਾ, ਹੱਕ ਸੱਚ ਲਈ ਜੂਝਣਾ, ਸਮਾਜਿਕ ਨਿਆਂ, ਨੇਕ ਕਮਾਈ, ਨਾ ਕੋ ਬੈਰੀ ਨਾਹਿ ਬੇਗਾਨਾ, ਵਿਸ਼ਵ ਸ਼ਾਂਤੀ ਅਤੇ ਵਿਸ਼ਵੀਕਰਣ ਦੇ ਵੱਡੇ ਸੰਕਲਪ, ਬਾਣੀ ਦੇ ਸਰੋਕਾਰਾਂ ਵਿਚੋਂ ਉਪਜੇ ਹੀ ਪ੍ਰਤੱਖ ਹੁੰਦੇ ਹਨ।[20]

ਗੁਰੂ ਗ੍ਰੰਥ ਸਾਹਿਬ ਸਰਬ ਸਾਂਝੀਵਾਲਤਾ ਦਾ ਸੰਦੇਸ਼ ਸਰਬ ਸਾਂਝੇ ਸਰਮਾਏ ਵਾਂਗ ਹੈ। ਜਿਸ ਨੂੰ ਹਰ ਕੋਈ ਵਰਤ ਕੇ ਆਪਣਾ ਜੀਵਨ ਸੰਵਾਰ ਸਕਦਾ ਹੈ। ਗੁਰਬਾਣੀ ਵਿਚ ਸਰਬ ਚੇਤਨਾ, ਭਾਵ ਚੇਤਨਾ, ਕਰਮ ਚੇਤਨਾ, ਗਿਆਨ ਚੇਤਨਾ ਅਤੇ ਭਗਤੀ ਚੇਤਨਾ ਵਿਚ ਸਰਬ ਸਾਂਝੀਵਾਲਤਾ ਦੀ ਗੂੰਜਾਰ ਸੁਣਾਈ ਦਿੰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 97
2. ਡਾ. ਬਲਕਾਰ ਸਿੰਘ, ਗੁਰਮਤਿ ਸੰਕਲਪਾਂ ਦੇ ਪਰਿਪੇਖ ਵਿਚ ਸਾਂਝੀਵਾਲਤਾ, ਵਿਸਮਾਦ ਨਾਦ, ਪੰਨਾ 427
3. ਉਧਰਿਤ, ਡਾ. ਬਲਕਾਰ ਸਿੰਘ, ਪੰਨਾ 428

4. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 590

5. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 697

6. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1219-20

7. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 694

8. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1383

9. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 450

10. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 463

11. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 476

12. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 853

13. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 358

14. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 885

15. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1299

16. ਦਸਮ ਗ੍ਰੰਥ, ਅੰਗ 50

17. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 51

18. ਡਾ. ਮਹਿੰਦਰ ਕੌਰ ਗਿੱਲ, ਸ੍ਰੀ ਗੁਰੂ ਅਰਜਨ ਦੇਵ ਅਤੇ ਸਰਬ ਸਾਂਝੀਵਾਲਤਾ, ਵਿਸਮਾਦ ਨਾਦੁ, ਪੰਨਾ 472

19. ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 747

20. ਡਾ. ਜਸਪਾਲ ਕੌਰ ਕਾਂਗ, ਭੂਮਿਕਾ, ਗੁਰੂ ਗ੍ਰੰਥ ਸਾਹਿਬ ਇਤਿਹਾਸਕ ਅਤੇ ਸਮਾਜਿਕ ਸਭਿਆਚਾਰਕ ਅਧਿਐਨ, ਪੰਨਾ 3

International Research Journal
IJNRD
Research Through Innovation